ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
ਫੇਜ਼ 3 ਬੀ-1, ਐਸ.ਏ.ਐਸ.ਨਗਰ।
www.educationrecruitmentboard.com

ਨੰਬਰ 6/5-2017ਭ.ਡ.(9) ਮਿਤੀ 4-6-2018

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਮਿਤੀ 10.09.2017 ਨੂੰ ਵਿਗਿਆਪਤ ਮਾਸਟਰ ਕਾਡਰ ਦੇ ਸਮਾਜਿਕ ਸਿੱਖਿਆ (393), ਮੈਥ (739), ਸਾਇੰਸ (1138) ਅਤੇ ਪੰਜਾਬੀ (398) ਵਿਸ਼ਿਆ ਦੀਆਂ ਅਸਾਮੀਆਂ ਦਾ ਪ੍ਰੋਵੀਜ਼ਨਲ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ।ਜੋ ਕਿ ਵਿਭਾਗ ਦੀ ਵੈਬਸਾਈਟ (www.educationrecruitmentboard.com) ਤੇ ਅਪਲੋਡ ਕਰ ਦਿੱਤਾ ਗਿਆ ਹੈ।

ਕੁੱਝ ਉਮੀਦਵਾਰਾਂ ਦਾ ਵੱਖ-ਵੱਖ ਕਾਰਨਾਂ ਕਰਕੇ ਨਤੀਜਾ ਰੋਕਿਆ ਗਿਆ ਹੈ।ਜਿਨ੍ਹਾਂ ਉਮੀਦਵਾਰਾਂ ਦਾ ਨਤੀਜਾ ਕਿਸੇ ਕਾਰਣ Withheld ਕੀਤਾ ਗਿਆ ਹੈ ਉਨ੍ਹਾਂ ਦੀ ਸੂਚੀ ਵੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ।ਅਜਿਹੇ ਉਮੀਦਵਾਰ ਮਿਤੀ 22.06.2018 ਨੂੰ ਸ਼ਾਮ ਦੇ 5.00 ਵਜੇ ਤੱਕ ਆਪਣੇ ਸਬੰਧਤ ਦਸਤਾਵੇਜ਼ ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ, (**ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਈਰੋਸਾਫ਼ਟ ਬਿਲਡਿੰਗ ਫੇਜ 3 ਬੀ-1**) ਐਸ.ਏ.ਐਸ.ਨਗਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਜੇ ਕਰ ਨਿਸਚਿਤ ਮਿਤੀ ਤੱਕ ਅਜਿਹੇ ਉਮੀਦਵਾਰਾਂ ਦੀ ਪ੍ਰਤੀ ਬੇਨਤੀ ਪ੍ਰਾਪਤ ਨਹੀਂ ਹੁੰਦੀ ਤਾਂ ਇਹ ਸਮਝਿਆ ਜਾਵੇਗਾ ਕਿ ਸਬੰਧਤ ਉਮੀਦਵਾਰ ਇਸ ਸਬੰਧੀ ਕੁੱਝ ਵੀ ਕਹਿਣਾ ਨਹੀਂ ਚਾਹੁੰਦੇ ਅਤੇ ਉਨ੍ਹਾਂ ਦੀ ਪਾਤਰਤਾ ਸਿੱਧੇ ਤੌਰ ਤੇ ਬਿਨ੍ਹਾਂ ਕਿਸੇ ਹੋਰ ਨੋਟਿਸ/ਸੁਣਵਾਈ ਦੇ ਰੱਦ ਕੀਤੀ ਜਾਵੇਗੀ।

ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਤੀ 22.06.2018 ਨੂੰ ਸ਼ਾਮ ਦੇ 5.00 ਵਜੇ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਪ੍ਰਤੀਬੇਨਤੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,
ਪੰਜਾਬ,ਐਸ.ਏ.ਐਸ.ਨਗਰ।